11page5.qxd 09/10/2024 10:08 PM Page 1

ਕੀ ਦਿੱਲੀ 'ਚ ਲਾਗੂ ਹੋਵੇਗਾ ਰਾਸ਼ਟਰਪਤੀ ਰਾਜ...?

ਰਾਸ਼ਟਰਪਤੀ ਸਕੱਤਰੇਤ ਵਲੋਂ ਗ੍ਰਹਿ ਮੰਤਰਾਲੇ ਨੂੰ ਭਾਜਪਾ ਦਾ ਮੰਗ ਪੱਤਰ ਭੇਜੇ ਜਾਣ ਮਗਰੋਂ ਛਿੜਿਆ ਨਵਾਂ ਸਿਆਸੀ ਵਿਵਾਦ

ਭਾਜਪਾ ਨੇ ਦਿੱਲੀ 'ਚ ਸ਼ਾਸਨ ਪੂਰੀ ਤਰ੍ਹਾਂ ਢਹਿ-ਢੇਰੀ ਹੋਣ ਦਾ ਦੋਸ਼ ਲਾਇਆ | **ਭਾਜਪਾ ਰਾਸ਼ਟਰਪਤੀ ਸ਼ਾਸਨ ਲਗਾਉਣ ਲਈ 'ਆਪ' ਸਰਕਾਰ ਨੂੰ ਢਾਹੁਣ ਦੀ ਸਾਜ਼ਸ਼ ਰਚ ਰਹੀ ਹੈ: ਆਤਿਸ਼ੀ**

ਨਵੀਂ ਦਿੱਲੀ, 10 ਸਤੰਬਰ: ਰਾਸ਼ਟਰਪਤੀ ਸਕੱਤਰੇਤ ਵਲੋਂ ਦਿੱਲੀ 'ਚ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਇਕ ਮੰਗ ਪੱਤਰ ਗ੍ਰਹਿ ਮੰਤਰਾਲੇ ਨੂੰ ਭੇਜੇ ਜਾਣ ਤੋਂ ਬਾਅਦ ਨਵਾਂ ਸਿਆਸੀ ਵਿਵਾਦ ਛਿੜ ਗਿਆ ਹੈ। ਮੰਗ ਪੱਤਰ 'ਚ ਕਿਹਾ ਗਿਆ ਹੈ ਕਿ ਦਿੱਲੀ ਸੰਵਿਧਾਨਕ ਸੰਕਟ ਦਾ ਸਾਹਮਣਾ ਕਰ ਰਹੀ ਹੈ। ਭਾਜਪਾ ਵਿਧਾਇਕਾਂ ਦੇ ਇਕ ਵਫ਼ਦ ਨੇ ਸ਼ੁਕਰਵਾਰ ਨੂੰ ਰਾਸ਼ਟਰਪਤੀ ਮੁਰਮੂ ਨਾਲ ਮੁਲਾਕਾਤ ਕੀਤੀ ਅਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਜੇਲ੍ਹ 'ਚ ਹੋਣ ਕਾਰਨ ਦਿੱਲੀ 'ਚ ਪੈਦਾ ਹੋਏ ਸੰਵਿਧਾਨਕ ਸੰਕਟ ਦੇ ਮੱਦੇਨਜ਼ਰ 'ਤੁਰਤ ਦਖ਼ਲ ਦੇਣ' ਦੀ ਮੰਗ ਕਰਦਿਆਂ ਇਕ ਮੰਗ ਪੱਤਰ ਸੌਂਪਿਆ।

ਗੁਪਤਾ ਨੇ ਰਾਸ਼ਟਰਪਤੀ ਸਕੱਤਰੇਤ ਤੋਂ ਪ੍ਰਾਪਤ ਪੱਤਰ ਨੂੰ ਸਾਂਝਾ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਨੇ ਮੰਗ ਪੱਤਰ ਦਾ ਨੋਟਿਸ ਲਿਆ ਹੈ ਅਤੇ ਇਸ ਨੂੰ ਗ੍ਰਹਿ ਸਕੱਤਰ ਨੂੰ ਭੇਜ ਦਿਤਾ ਹੈ। ਭਾਜਪਾ ਆਗੂ ਨੇ ਕਿਹਾ ਕਿ ਉਨ੍ਹਾਂ ਨੇ ਗ੍ਰਹਿ ਸਕੱਤਰ ਨੂੰ ਇਸ ਮਾਮਲੇ 'ਤੇ ਤੁਰਤ ਅਤੇ ਉਚਿਤ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ,

"ਕੇਜਰੀਵਾਲ ਨੇ ਅਸਤੀਫਾ ਦੇਣ ਤੋਂ ਇਨਕਾਰ ਕਰ ਦਿਤਾ ਹੈ, ਜਿਸ ਨਾਲ ਦਿੱਲੀ 'ਚ ਬੇਮਿਸਾਲ ਸਥਿਤੀ ਪੈਦਾ ਹੋ ਗਈ ਹੈ ਅਤੇ ਸ਼ਾਸਨ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਿਆ ਹੈ। ਮਹੱਤਵਪੂਰਨ ਪ੍ਰਸ਼ਾਸਕੀ ਫੈਸਲਿਆਂ 'ਚ ਦੇਰੀ ਹੋ ਰਹੀ ਹੈ ਅਤੇ ਜ਼ਰੂਰੀ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀਆਂ ਹਨ, ਜਿਸ ਦਾ ਸਿੱਧਾ ਅਸਰ ਦਿੱਲੀ ਦੇ ਨਾਗਰਿਕਾਂ ਦੀ ਜ਼ਿੰਦਗੀ 'ਤੇ ਪੈ ਰਿਹਾ ਹੈ।" ਜ਼ਿਕਰਯੋਗ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਆਬਕਾਰੀ ਨੀਤੀ ਮਾਮਲੇ 'ਚ 21 ਮਾਰਚ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਨਿਆਂਇਕ ਹਿਰਾਸਤ 'ਚ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ (ਆਪ) ਦੀ ਸੀਨੀਅਰ ਨੇਤਾ ਅਤੇ ਮੰਤਰੀ ਆਤਿਸ਼ੀ ਨੇ ਭਾਜਪਾ 'ਤੇ ਦਿੱਲੀ 'ਚ ਰਾਸ਼ਟਰਪਤੀ ਸ਼ਾਸਨ ਲਗਾ ਕੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਰਕਾਰ ਨੂੰ ਪਿਛਲੇ ਦਰਵਾਜ਼ੇ ਤੋਂ ਹਟਾਉਣ ਦੀ ਸਾਜ਼ਸ਼ ਰਚਣ ਦਾ ਦੋਸ਼ ਲਾਇਆ।

ਆਤਿਸ਼ੀ ਨੇ ਕਿਹਾ ਕਿ ਜੇਕਰ ਕੇਜਰੀਵਾਲ ਸਰਕਾਰ ਡਿੱਗਦੀ ਹੈ ਤਾਂ ਦਿੱਲੀ ਵਾਸੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਸਿਫ਼ਰ ਸੀਟਾਂ ਦੇ ਕੇ ਭਾਜਪਾ ਨੂੰ ਕਰਾਰਾ ਜਵਾਬ ਦੇਣਗੇ ਅਤੇ ਆਮ ਆਦਮੀ ਪਾਰਟੀ ਸਾਰੀਆਂ 70 ਸੀਟਾਂ ਜਿੱਤੇਗੀ।

ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਵਿਜੇਂਦਰ ਗੁਪਤਾ ਨੇ ਸੋਮਵਾਰ ਨੂੰ ਕਿਹਾ ਕਿ ਭਾਜਪਾ ਵਿਧਾਇਕਾਂ ਨੇ ਸੰਵਿਧਾਨ ਦੀ ਕਥਿਤ ਉਲੰਘਣਾ ਲਈ 'ਆਪ' ਦੀ ਅਗਵਾਈ ਵਾਲੀ ਸਰਕਾਰ ਨੂੰ ਬਰਖਾਸਤ ਕਰਨ ਦੀ ਮੰਗ ਨੂੰ ਲੈ ਕੇ ਸ਼ੁਕਰਵਾਰ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਇਕ ਮੰਗ ਪੱਤਰ ਸੌਂਪਿਆ ਹੈ। ਗੁਪਤਾ ਨੇ ਦੋਸ਼ ਲਾਇਆ ਕਿ ਦਿੱਲੀ 'ਚ ਸ਼ਾਸਨ 'ਚ ਅਸਥਿਰਤਾ ਇਸ ਲਈ ਪੈਦਾ ਹੋਈ ਹੈ ਕਿਉਂਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਬਕਾਰੀ ਨੀਤੀ ਮਾਮਲੇ 'ਚ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ 'ਚ ਚਾਰ ਮਹੀਨੇ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਹਨ।

ਜਦਕਿ ਆਤਿਸ਼ੀ ਨੇ ਕਿਹਾ ਕਿ ਭਾਜਪਾ ਦਾ ਇਕੋ ਇਕ ਕੰਮ 'ਆਪਰੇਸ਼ਨ ਲੋਟਸ' ਰਾਹੀਂ ਦੇਸ਼ ਵਿਚ ਚੁਣੀਆਂ ਹੋਈਆਂ ਸਰਕਾਰਾਂ ਨੂੰ ਉਤਾਰਨਾ ਹੈ, ਜਿਵੇਂ ਕਿ ਮਹਾਰਾਸ਼ਟਰ, ਕਰਨਾਟਕ ਅਤੇ ਮਨੀਪੁਰ ਵਿਚ ਹੋਇਆ ਸੀ।

70 ਮੈਂਬਰੀ ਦਿੱਲੀ ਵਿਧਾਨ ਸਭਾ ਲਈ ਅਗਲੇ ਸਾਲ ਦੇ ਸ਼ੁਰੂ 'ਚ ਚੋਣਾਂ ਹੋਣੀਆਂ ਹਨ। ਇਸ ਤੋਂ ਪਹਿਲਾਂ ਸੋਮਵਾਰ ਨੂੰ ਗੁਪਤਾ ਨੇ ਇਕ ਬਿਆਨ 'ਚ ਦਾਅਵਾ ਕੀਤਾ ਸੀ ਕਿ 'ਆਪ' ਸਰਕਾਰ ਵਲੋਂ ਛੇਵੇਂ ਦਿੱਲੀ ਵਿੱਤ ਕਮਿਸ਼ਨ ਦਾ ਗਠਨ ਨਾ ਕਰਨਾ ਅਤੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰੀਪੋਰਟ 'ਤੇ ਕੋਈ ਕਾਰਵਾਈ ਨਾ ਕਰਨਾ ਸੰਵਿਧਾਨ ਦੀ ਉਲੰਘਣਾ ਹੈ। (ਪੀਟੀਆਈ

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਛੇਤੀ ਹੀ ਜੇਲ ਤੋਂ ਬਾਹਰ ਆਉਣਗੇ : ਮਨੀਸ਼ ਸਿਸੋਦੀਆ

- ਜੋ ਕਾਨੂੰਨ ਅਤਿਵਾਦੀਆਂ ਤੇ ਨਸ਼ਾ ਤੱਸਕਰਾਂ 'ਤੇ ਲਾਏ ਜਾਂਦੇ ਹਨ ਉਹ ਕੇਜਰੀਵਾਲ ਅਤੇ ਮੇਰੇ 'ਤੇ ਲਾਏ ਗਏ, ਪਰ ਅਸੀਂ ਹਿੰਮਤ ਨਹੀਂ ਹਾਰੀ : ਸਿਸੋਦੀਆ

ਨਵੀਂ ਦਿੱਲੀ, 10 ਸਤੰਬਰ (ਅਮਨਦੀਪ ਸਿੰਘ): ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਅੱਜ ਐਲਾਨ ਕੀਤਾ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 2 ਦਿਨ ਤਕ ਜ਼ਰੂਰ ਜੇਲ ਤੋਂ ਬਾਹਰ ਆਉਣਗੇ ਕਿਉਂਕਿ ਉਨ੍ਹਾਂ ਕੁੱਝ ਗ਼ਲਤ ਨਹੀਂ ਕੀਤਾ, ਉਨ੍ਹਾਂ ਦੇ ਕੀਤੇ ਕਾਰਜਾਂ ਤੋਂ ਭਾਜਪਾ ਘਬਰਾ ਗਈ ਹੈ, ਇਸ ਲਈ ਜੇਲ ਵਿਚ ਡੱਕਿਆ ਹੋਇਆ ਹੈ। ਸਿਸੋਦੀਆ ਨੇ 16 ਅਗੱਸਤ ਤੋਂ ਦਿੱਲੀ ਦੀ ਅਪਣੀ ਯਾਤਰਾ ਸ਼ੁਰੂ ਕੀਤੀ ਹੋਈ ਹੈ।

ਅੱਜ ਸ਼ਾਮ ਨੂੰ ਇਥੋਂ ਦੇ ਵਿਕਾਸ ਪੁਰੀ ਵਿਧਾਨ ਸਭਾ ਹਲਕੇ ਵਿਚ ਅਪਣੀ ਯਾਤਰਾ ਸ਼ੁਰੂ ਕਰਨ ਮੌਕੇ ਸਿਸੋਦੀਆ ਨੇ ਜ਼ੋਰ ਦੇ ਕੇ ਕਿਹਾ,"ਮੈਂ ਕੁੱਝ ਗ਼ਲਤ ਨਹੀਂ ਕੀਤਾ। ਕੇਜਰੀਵਾਲ ਜੀ, ਨੇ ਕੁੱਝ ਗ਼ਲਤ ਨਹੀਂ ਕੀਤਾ, ਪਰ ਸਾਨੂੰ ਜੇਲ ਵਿਚ ਸੁਟਿਆ ਗਿਆ। ਸਾਡੇ 'ਤੇ ਭ੍ਰਿਸ਼ਟਾਚਾਰ ਦੇ ਸਮਾਜਕ ਕਾਨੂੰਨ ਨਹੀਂ ਲਾਏ ਗਏ, ਬਲਕਿ ਸਾਡੇ 'ਤੇ ਅਜਿਹੇ ਕਾਨੂੰਨ ਲਾਏ ਗਏ, ਜੋ ਅਤਿਵਾਦੀਆਂ ਅਤੇ ਨਸ਼ਾ ਤਸਕਰਾਂ 'ਤੇ ਲਾਏ ਜਾਂਦੇ ਹਨ, ਜਿਨ੍ਹਾਂ ਵਿਚ ਜ਼ਮਾਨਤ ਨਹੀਂ ਹੁੰਦੀ। ਪਰ ਭਲਾ ਹੋਵੇ, ਬਾਬਾ ਸਾਹਬ ਦਾ, ਜਿਨ੍ਹਾਂ ਦੇ ਸੰਵਿਧਾਨ ਵਿਚ ਸਰਕਾਰੀ ਤਾਨਾਸ਼ਾਹੀ ਨੂੰ ਠੱਲ੍ਹ ਪਾਉਣ ਦਾ ਪ੍ਰਬੰਧ ਕੀਤਾ ਗਿਆ ਹੋਇਆ ਹੈ। ਮੈਂ 17 ਮਹੀਨੇ ਪਿਛੋਂ ਜੇਲ ਤੋਂ ਮੁਸਕਰਾਉਂਦਾ ਹੋਇਆ ਬਾਹਰ ਆਇਆ ਹਾਂ ਕਿਉਂਕਿ ਮੈਂ ਕੁੱਝ ਵੀ ਗ਼ਲਤ ਨਹੀਂ ਕੀਤਾ ਅਤੇ ਨਾ ਮੈਨੂੰ ਕਿਸੇ ਚੀਜ਼ ਦਾ ਅਫ਼ਸੋਸ ਹੈ, ਪਰ ਬੀਜੇਪੀ ਕੇਜਰੀਵਾਲ ਜੀ ਦੇ ਕੰਮਾਂ ਤੋਂ ਘਬਰਾਈ ਹੋਈ ਹੈ ਕਿਉਂਕਿ ਕੇਜਰੀਵਾਲ ਜੀ ਨੇ ਬਿਜਲੀ ਦੇ ਬਿਲ ਜ਼ੀਰੋ ਕੀਤੇ, ਮੁਹੱਲਾ ਕਲੀਨਿਕ ਬਣਵਾਏ ਅਤੇ ਸਕੂਲ ਬਣਵਾਏ, ਪਰ ਜਿਥੇ 20-20 ਸਾਲ ਤੋਂ ਬੀਜੇਪੀ ਦੀਆਂ ਸਰਕਾਰਾਂ ਹਨ, ਉਥੇ ਉਨ੍ਹਾਂ ਕੱਖ ਨਹੀਂ ਕੀਤਾ।"

ਉਨ੍ਹਾਂ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ,"ਗੁਜਰਾਤ ਵਿਚ ਬੀਜੇਪੀ ਦੀ ਸਰਕਾਰ ਹੈ ਤੇ ਮੋਦੀ ਉਥੋਂ ਪ੍ਰਧਾਨ ਮੰਤਰੀ ਹਨ, ਪਰ ਉਹ ਗੁਜਰਾਤ ਦਾ ਇਕ ਵੀ ਸਕੂਲ ਨਹੀਂ ਵਿਖਾ ਸਕੇ, ਜੋ ਦਿੱਲੀ ਦਾ ਮੁਕਾਬਲਾ ਕਰ ਸਕੇ।" ਇਸ ਮੌਕੇ ਵਿਕਾਸਪੁਰੀ ਤੋਂ 'ਆਪ' ਵਿਧਾਇਕ ਮਹਿੰਦਰ ਯਾਦਵ ਦੇ ਨਾਲ ਆਪ ਕਾਰਕੁਨਾਂ ਤੇ ਇਲਾਕੇ ਦੇ ਲੋਕਾਂ ਨੇ ਸਿਸੋਦੀਆ ਦਾ ਸਵਾਗਤ ਕੀਤਾ।

ਯਾਤਰਾ ਦੌਰਾਨ ਇਕ ਰਾਹਗੀਰ ਔਰਤ ਤੋਂ ਗ਼ੁਲਾਬ ਦਾ ਫੁੱਲ ਪ੍ਰਵਾਨ ਕਰਨ ਮੌਕੇ ਉਸ ਦਾ ਧਨਵਾਦ ਕਰਦੇ ਹੋਏ ਮਨੀਸ਼ ਸਿਸੋਦੀਆ।

ਹਰਿਆਣਾ ਚੋਣਾਂ : ਭਾਜਪਾ ਨੇ ਜਾਰੀ ਕੀਤੀ 21 ਹੋਰ ਉਮੀਦਵਾਰਾਂ ਦੀ ਸੂਚੀ

ਦੋ ਮੰਤਰੀਆਂ ਦੀਆਂ ਟਿਕਟਾਂ ਕਟੀਆਂ, ਜੁਲਾਨਾ ਤੋਂ ਵਿਨੇਸ਼ ਦੇ ਵਿਰੁਧ ਬੈਰਾਗੀ ਨੂੰ ਮੈਦਾਨ 'ਚ ਉਤਾਰਿਆ

ਕਰਨਾਲ, 10 ਸਤੰਬਰ(ਪਲਵਿੰਦਰ ਸਿੰਘ ਸੰਗੂ): ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਮੰਗਲਵਾਰ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਲਈ 21 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ, ਜਿਸ 'ਚ ਦੋ ਮੰਤਰੀਆਂ ਦੀਆਂ ਟਿਕਟਾਂ ਕਟ ਦਿਤੀਆਂ ਗਈਆਂ ਅਤੇ ਪਿਹੋਵਾ ਸੀਟ ਤੋਂ ਉਮੀਦਵਾਰ ਬਦਲ ਦਿਤਾ ਗਿਆ। ਹਰਿਆਣਾ 'ਚ ਸੱਤਾਧਾਰੀ ਪਾਰਟੀ ਨੇ ਅਜੇ ਮਹਿੰਦਰਗੜ੍ਹ, ਐਨ.ਆਈ.ਟੀ., ਫਰੀਦਾਬਾਦ ਅਤੇ ਸਿਰਸਾ ਸੀਟਾਂ ਲਈ ਅਪਣੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ। ਪਾਰਟੀ ਨੇ ਜੁਲਾਨਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਵਿਨੇਸ਼ ਫੋਗਾਟ ਦਾ ਮੁਕਾਬਲਾ ਕਰਨ ਲਈ ਨੌਜੁਆਨ ਨੇਤਾ ਕੈਪਟਨ ਯੋਗੇਸ਼ ਬੈਰਾਗੀ ਨੂੰ ਮੈਦਾਨ 'ਚ ਉਤਾਰਿਆ ਹੈ। 4 ਸਤੰਬਰ ਨੂੰ ਜਾਰੀ ਅਪਣੀ ਪਹਿਲੀ ਸੂਚੀ 'ਚ ਭਾਜਪਾ ਨੇ ਕਮਲਜੀਤ ਸਿੰਘ ਅਜਰਾਣਾ ਨੂੰ ਪਿਹੋਵਾ ਸੀਟ ਤੋਂ ਅਪਣਾ ਉਮੀਦਵਾਰ ਬਣਾਇਆ ਸੀ, ਪਰ ਦੂਜੀ ਸੂਚੀ 'ਚ ਉਨ੍ਹਾਂ ਦੀ ਥਾਂ ਜੈ ਭਗਵਾਨ ਸ਼ਰਮਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਪਾਰਟੀ ਨੇ ਪਿਹੋਵਾ ਦੇ ਮੌਜੂਦਾ ਵਿਧਾਇਕ ਅਤੇ ਸਾਬਕਾ ਮੰਤਰੀ ਸੰਦੀਪ ਸਿੰਘ ਦਾ ਟਿਕਟ ਕਟ ਦਿਤਾ ਸੀ। ਅਜਰਾਣਾ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਸਥਾਨਕ ਕਾਰਕੁੰਨਾਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਭਾਜਪਾ ਨੇ ਮੰਤਰੀ ਬਨਵਾਰੀ ਲਾਲ ਨੂੰ ਵੀ ਹਟਾ ਦਿਤਾ ਹੈ ਅਤੇ ਉਨ੍ਹਾਂ ਦੀ ਥਾਂ ਕ੍ਰਿਸ਼ਨ ਕੁਮਾਰ ਨੂੰ ਨਿਯੁਕਤ ਕੀਤਾ ਹੈ। ਸਕੂਲ ਸਿੱਖਿਆ ਮੰਤਰੀ ਸੀਮਾ ਤ੍ਰਿਖਾ, ਜੋ ਬਰਕਲ ਤੋਂ ਮੌਜੂਦਾ ਵਿਧਾਇਕ ਹਨ, ਨੂੰ ਵੀ ਪਾਰਟੀ ਨੇ ਟਿਕਟ ਨਹੀਂ ਦਿਤੀ ਹੈ। ਉਨ੍ਹਾਂ ਦੀ ਥਾਂ ਧਨੇਸ਼ ਅਦਲਾਖਾ ਨੂੰ ਨਿਯੁਕਤ ਕੀਤਾ ਗਿਆ ਹੈ। ਹਾਲਾਂਕਿ ਸੋਹਣਾ ਤੋਂ ਵਿਧਾਇਕ ਅਤੇ ਇਕ ਹੋਰ ਮੰਤਰੀ ਸੰਜੇ ਸਿੰਘ ਨੂੰ ਨੂਹ ਤੋਂ ਟਿਕਟ ਦਿਤੀ ਗਈ ਹੈ। ਪਾਰਟੀ ਨੇ ਸੋਹਣਾ ਤੋਂ ਤੇਜਪਾਲ ਤੰਵਰ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। ਸੱਤਾਧਾਰੀ ਪਾਰਟੀ ਨੇ ਗਨੌਰ, ਪਟੌਦੀ, ਹਥਿਨ ਅਤੇ ਹੋਡਲ ਸੀਟਾਂ ਤੋਂ ਮੌਜੂਦਾ ਵਿਧਾਇਕਾਂ ਦੀਆਂ ਟਿਕਟਾਂ ਕੱਟ ਦਿਤੀਆਂ ਹਨ ਅਤੇ ਨਵੇਂ ਚਿਹਰਿਆਂ 'ਤੇ ਭਰੋਸਾ ਪ੍ਰਗਟਾਇਆ ਹੈ।

ਹਰਿਆਣਾ ਭਾਜਪਾ ਦੇ ਪ੍ਰਧਾਨ ਮੋਹਨ ਲਾਲ ਬਡੋਲੀ ਨੇ ਸਪੱਸ਼ਟ ਕਰ ਦਿਤਾ ਸੀ ਕਿ ਉਹ ਚੋਣਾਂ ਨਹੀਂ ਲੜਨਗੇ ਅਤੇ ਇਸ ਦੀ ਬਜਾਏ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਕੰਮ ਕਰਨਗੇ। ਇਸ ਦੇ ਮੱਦੇਨਜ਼ਰ ਕ੍ਰਿਸ਼ਨਾ ਗਹਿਲਾਵਤ ਨੂੰ ਰਾਏ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। (ਪੀਟੀਆਈ)ਬਿਮਲਾ ਚੌਧਰੀ ਨੂੰ ਪਟੌਦੀ (ਐਸ.ਸੀ.) ਸੀਟ ਤੋਂ ਟਿਕਟ ਮਿਲੀ ਹੈ। ਗਹਿਲਾਵਤ ਅਤੇ ਚੌਧਰੀ ਦੂਜੀ ਸੂਚੀ 'ਚ ਦੋ ਔਰਤਾਂ ਹਨ। ਬਿਮਲਾ ਚੌਧਰੀ ਸੱਤਿਆ ਪ੍ਰਕਾਸ਼ ਜਾਰਾਵਤ ਦੀ ਥਾਂ ਲੈਣਗੇ, ਜਿਨ੍ਹਾਂ ਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿਤਾ ਗਿਆ ਹੈ। ਦੇਵੇਂਦਰ ਕੌਸ਼ਿਕ ਨੂੰ ਮੌਜੂਦਾ ਵਿਧਾਇਕ ਨਿਰਮਲ ਚੌਧਰੀ ਦੀ ਥਾਂ ਗਨੌਰ ਸੀਟ ਤੋਂ ਟਿਕਟ ਦਿਤੀ ਗਈ ਹੈ।

ਪਾਰਟੀ ਵਲੋਂ ਜਾਰੀ ਸੂਚੀ 'ਚ ਦੋ ਮੁਸਲਿਮ ਉਮੀਦਵਾਰਾਂ ਨੂੰ ਵੀ ਟਿਕਟਾਂ ਦਿਤੀਆਂ ਗਈਆਂ ਹਨ।

'ਆਪ' ਨੇ 9 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ

ਆਮ ਆਦਮੀ ਪਾਰਟੀ (ਆਪ) ਨੇ ਹਰਿਆਣਾ ਵਿਧਾਨ ਸਭਾ ਚੋਣਾਂ ਲਈ 9 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿਤੀ ਹੈ, ਜਿਸ 'ਚ ਸਾਬਕਾ ਮੰਤਰੀ ਛਤਰਪਾਲ ਸਿੰਘ ਨੂੰ ਬਰਵਾਲਾ ਤੋਂ ਉਮੀਦਵਾਰ ਬਣਾਇਆ ਗਿਆ ਹੈ। ਛਤਰਪਾਲ ਸਿੰਘ ਇਕ ਦਿਨ ਪਹਿਲਾਂ ਹੀ ਭਾਰਤੀ ਜਨਤਾ ਪਾਰਟੀ (ਭਾਜਪਾ) ਛੱਡ ਕੇ 'ਆਪ' ਵਿਚ ਸ਼ਾਮਲ ਹੋਏ ਸਨ। ਕਾਂਗਰਸ ਨਾਲ ਸੀਟਾਂ ਦੀ ਵੰਡ ਦੀ ਗੱਲਬਾਤ ਅਸਫਲ ਹੋਣ ਤੋਂ ਬਾਅਦ ਪਾਰਟੀ ਨੇ ਸੋਮਵਾਰ ਨੂੰ 20 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਸੀ। ਨਵੀਂ ਸੂਚੀ ਅਨੁਸਾਰ ਰੀਟਾ ਬਾਮਨੀਆ ਨੂੰ ਸਢੌਰਾ ਤੋਂ, ਕ੍ਰਿਸ਼ਨ ਬਜਾਜ ਨੂੰ ਥਾਨੇਸਰ ਤੋਂ ਅਤੇ ਹਵਾ ਸਿੰਘ ਨੂੰ ਇੰਦਰੀ ਤੋਂ ਉਮੀਦਵਾਰ ਬਣਾਇਆ ਗਿਆ ਹੈ। ਪਾਰਟੀ ਨੇ ਰਤੀਆ ਤੋਂ ਮੁਖਤਿਆਰ ਸਿੰਘ ਬਾਜੀਗਰ, ਆਦਮਪੁਰ ਤੋਂ ਭੁਪਿੰਦਰ ਬੈਨੀਵਾਲ ਅਤੇ ਬਰਵਾਲਾ ਤੋਂ ਛਤਰਪਾਲ ਸਿੰਘ ਨੂੰ ਉਮੀਦਵਾਰ ਬਣਾਇਆ ਹੈ। ਸੂਚੀ ਮੁਤਾਬਕ ਪਰਵੇਸ਼ ਮਹਿਤਾ ਫਰੀਦਾਬਾਦ ਤੋਂ ਅਤੇ ਸੁਭਾਸ਼ ਚੰਦੇਲਾ ਤਿਗਾਓਂ ਤੋਂ ਜਵਾਹਰ ਲਾਲ ਬਾਵਲ ਤੋਂ ਚੋਣ ਲੜਨਗੇ। ਪਾਰਟੀ ਨੇ ਇਕ ਬਿਆਨ ਵਿਚ ਕਿਹਾ ਕਿ ਬਰਵਾਲਾ ਤੋਂ ਨਾਮਜ਼ਦ ਸਾਬਕਾ ਮੰਤਰੀ ਛਤਰਪਾਲ ਸਿੰਘ ਸੋਮਵਾਰ ਨੂੰ ਭਾਜਪਾ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ।

ਇਕ ਨਜ਼ਰ...

ਮੰਕੀਪੋਕਸ ਦੇ ਮਰੀਜ਼ ਦੀ ਹਾਲਤ ਸਥਿਰ : ਮੰਤਰੀ ਸੌਰਭ ਭਾਰਦਵਾਜ

ਨਵੀਂ ਦਿੱਲੀ, 10 ਸਤੰਬਰ: ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਮੰਗਲਵਾਰ ਨੂੰ ਕਿਹਾ ਕਿ ਐੱਲ.ਐੱਨ.ਜੇ.ਪੀ. ਹਸਪਤਾਲ 'ਚ ਦਾਖ਼ਲ ਮੰਕੀਪੋਕਸ ਦੇ ਇਕ ਮਰੀਜ਼ ਦੀ ਹਾਲਤ ਸਥਿਰ ਹੈ।



ਭਾਰਦਵਾਜ ਨੇ ਮੰਕੀਪੋਕਸ ਅਤੇ ਡੇਂਗੂ ਨਾਲ ਨਜਿੱਠਣ ਲਈ ਇਸ ਦੀਆਂ ਤਿਆਰੀਆਂ ਦਾ ਮੁਲਾਂਕਣ ਕਰਨ ਲਈ ਹਸਪਤਾਲ ਦਾ ਅਚਨਚੇਤ ਨਿਰੀਖਣ ਕੀਤਾ। ਉਨ੍ਹਾਂ ਕਿਹਾ, "ਐਲ.ਐਨ.ਜੇ.ਪੀ. ਹਸਪਤਾਲ 'ਚ ਇਕ ਮੰਕੀਪੋਕਸ ਦਾ ਮਰੀਜ਼ ਹੈ। ਉਸ ਦਾ ਯਾਤਰਾ ਦਾ ਇਤਿਹਾਸ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਵਿਦੇਸ਼ ਯਾਤਰਾ ਦੌਰਾਨ ਲਾਗ ਦੀ ਲਪੇਟ 'ਚ ਆਇਆ ਸੀ।" ਉਨ੍ਹਾਂ ਕਿਹਾ, "ਮਰੀਜ਼ ਨੂੰ ਆਈਸੋਲੇਸ਼ਨ ਵਾਰਡ 'ਚ ਰੱਖਿਆ ਗਿਆ ਹੈ ਅਤੇ ਉਸ ਦੀ ਹਾਲਤ ਸਥਿਰ ਹੈ।"ਸਿਹਤ ਵਿਭਾਗ ਦੇ ਇਕ ਅਧਿਕਾਰੀ ਨੇ ਦਸਿਆ ਕਿ ਹਰਿਆਣਾ ਦੇ ਹਿਸਾਰ ਦੀ ਰਹਿਣ ਵਾਲੇ 26 ਸਾਲ ਦੇ ਮਰੀਜ਼ ਨੂੰ ਸਿਰਫ ਜਣਨ ਛਾਲੇ ਅਤੇ ਚਮੜੀ 'ਤੇ ਧੱਫੜ ਹਨ ਪਰ ਬੁਖਾਰ ਨਹੀਂ ਹੈ। ਭਾਰਦਵਾਜ ਨੇ ਕਿਹਾ ਕਿ ਮੰਕੀਪੋਕਸ ਬਾਰੇ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸੰਪਰਕ ਰਾਹੀਂ ਫੈਲਦਾ ਹੈ ਨਾ ਕਿ ਹਵਾ ਰਾਹੀਂ। (ਪੀਟੀਆਈ)

ਮਨੀਪੁਰ : ਗੋਲੀਬਾਰੀ 'ਚ ਫਸੀ ਔਰਤ ਦੀ ਮੌਤ

ਇੰਫਾਲ, 10 ਸਤੰਬਰ: ਮਨੀਪੁਰ ਦੇ ਕਾਂਗਪੋਕਪੀ ਜ਼ਿਲ੍ਹੇ 'ਚ ਦੋ ਹਥਿਆਰਬੰਦ ਸਮੂਹਾਂ ਵਿਚਾਲੇ ਝੜਪ 'ਚ ਫਸੀ 46 ਸਾਲ ਦੀ ਔਰਤ ਦੀ ਮੌਤ ਹੋ ਗਈ। ਪੁਲਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ। ਉਨ੍ਹਾਂ ਨੇ ਦਸਿਆ ਕਿ ਇਹ ਘਟਨਾ ਐਤਵਾਰ ਰਾਤ ਨੂੰ ਦੂਰ-ਦੁਰਾਡੇ ਥੰਗਬੂਹ ਪਿੰਡ 'ਚ ਵਾਪਰੀ। ਉਨ੍ਹਾਂ ਦਸਿਆ ਕਿ ਪਿੰਡ ਦੇ ਕੁੱਝ ਘਰਾਂ ਨੂੰ ਵੀ ਅੱਗ ਲਾ ਦਿਤੀ ਗਈ, ਜਿਸ ਕਾਰਨ ਸਥਾਨਕ ਵਸਨੀਕਾਂ ਨੂੰ ਨੇੜਲੇ ਜੰਗਲਾਂ 'ਚ ਪਨਾਹ ਲੈਣੀ ਪਈ। ਪੁਲਿਸ ਨੇ ਦਸਿਆ ਕਿ ਮ੍ਰਿਤਕ ਔਰਤ ਦੀ ਪਛਾਣ ਨੇਮਜਾਖੋਲ ਲਹੂੰਗਦੀਮ ਵਜੋਂ ਹੋਈ ਹੈ। ਚੂਰਾਚਾਂਦਪੁਰ ਜ਼ਿਲ੍ਹਾ ਹਸਪਤਾਲ 'ਚ ਪੋਸਟਮਾਰਟਮ ਤੋਂ ਬਾਅਦ ਔਰਤ ਦੀ ਲਾਸ਼ ਉਸ ਦੇ ਪਰਵਾਰ ਨੂੰ ਸੌਂਪ ਦਿਤੀ ਗਈ। ਉਨ੍ਹਾਂ ਕਿਹਾ ਕਿ ਦੋਹਾਂ ਧਿਰਾਂ ਵਿਚਾਲੇ ਝੜਪਾਂ ਦੌਰਾਨ ਵੱਡੀ ਗਿਣਤੀ ਵਿਚ ਸ਼ਕਤੀਸ਼ਾਲੀ ਬੰਬਾਂ ਦੀ ਵਰਤੋਂ ਕੀਤੀ ਗਈ। ਪੁਲਿਸ ਨੇ ਦਸਿਆ ਕਿ ਉਸੇ ਰਾਤ ਅਤਿਵਾਦੀਆਂ ਅਤੇ ਨੇੜਲੇ ਸਕੂਲ 'ਚ ਤਾਇਨਾਤ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐਫ.) ਦੇ ਜਵਾਨਾਂ ਦਰਮਿਆਨ ਗੋਲੀਬਾਰੀ ਵੀ ਹੋਈ। ਉਨ੍ਹਾਂ ਦਸਿਆ ਕਿ ਗੋਲੀਬਾਰੀ 'ਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। (ਪੀਟੀਆਈ)

ਅਜਮੇਰ 'ਚ ਮਾਲ ਗੱਡੀ ਨੂੰ ਪਟੜੀ ਤੋਂ ਉਤਾਰਨ ਦੀ ਕੋਸ਼ਿਸ਼ : ਅਧਿਕਾਰੀ

ਜੈਪੁਰ, 10 ਸਤੰਬਰ: ਰਾਜਸਥਾਨ ਦੇ ਅਜਮੇਰ ਜ਼ਿਲ੍ਹੇ 'ਚ ਵੈਸਟਰਨ ਡੈਡੀਕੇਟਿਡ ਫਰੇਟ ਕੋਰੀਡੋਰ 'ਤੇ ਸੀਮੈਂਟ ਦੇ 'ਬਲਾਕ' ਲਗਾ ਕੇ ਇਕ ਮਾਲ ਗੱਡੀ ਨੂੰ ਪਟੜੀ ਤੋਂ ਉਤਾਰਨ ਦੀ ਕੋਸ਼ਿਸ਼ ਕੀਤੀ ਗਈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ।

ਅਧਿਕਾਰੀਆਂ ਨੇ ਦਸਿਆ ਕਿ ਮਾਲ ਗੱਡੀ ਇਨ੍ਹਾਂ ਸੀਮੈਂਟ 'ਬਲਾਕਾਂ' ਨਾਲ ਟਕਰਾ ਗਈ। ਹਾਲਾਂਕਿ ਕਿਸੇ ਅਣਸੁਖਾਵੀਂ ਘਟਨਾ ਦੀ ਖ਼ਬਰ ਨਹੀਂ ਹੈ। ਉੱਤਰ ਰੇਲਵੇ ਦੇ ਇਕ ਅਧਿਕਾਰੀ ਨੇ ਕਿਹਾ, "ਕੁੱਝ ਸ਼ਰਾਰਤੀ ਅਨਸਰਾਂ ਨੇ ਐਤਵਾਰ ਨੂੰ ਵੈਸਟਰਨ ਡੈਡੀਕੇਟਿਡ ਫਰੇਟ ਕੋਰੀਡੋਰ ਵਿਚ ਟਰੈਕ 'ਤੇ ਸੀਮੈਂਟ ਦੇ ਦੋ ਬਲਾਕ ਰੱਖੇ ਅਤੇ ਇਕ ਮਾਲ ਗੱਡੀ ਨੇ ਉਨ੍ਹਾਂ ਨੂੰ ਟੱਕਰ ਮਾਰ ਦਿਤੀ। ਪਰ ਕੁੱਝ ਵੀ ਅਣਸੁਖਾਵਾਂ ਨਹੀਂ ਹੋਇਆ।" ਇਹ ਘਟਨਾ ਫੁਲੇਰਾ-ਅਹਿਮਦਾਬਾਦ ਟਰੈਕ 'ਤੇ ਸਰਧਨਾ ਅਤੇ ਬੰਗੜ ਸਟੇਸ਼ਨਾਂ ਦੇ ਵਿਚਕਾਰ ਵਾਪਰੀ। ਫਰੇਟ ਕੋਰੀਡੋਰ ਦੇ ਇਕ ਹੋਰ ਅਧਿਕਾਰੀ ਨੇ ਕਿਹਾ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਕੋਰੀਡੋਰ ਕੰਪਨੀ ਡੀ.ਐਫ.ਸੀ.ਸੀ. ਦੇ ਡਿਪਟੀ ਜਨਰਲ ਮੈਨੇਜਰ (ਸੁਰੱਖਿਆ) ਚਿਤਰੇਸ਼ ਜੋਸ਼ੀ ਨੇ ਕਿਹਾ, "ਇਹ ਘਟਨਾ ਐਤਵਾਰ ਰਾਤ ਨੂੰ ਉਸ ਸਮੇਂ ਵਾਪਰੀ ਜਦੋਂ ਰੇਲ ਗੱਡੀ ਸੀਮੈਂਟ ਬਲਾਕ ਨਾਲ ਟਕਰਾ ਗਈ। ਰੇਲ ਗੱਡੀ ਦੇ ਗਾਰਡ ਨੇ ਕੰਟਰੋਲ ਰੂਮ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਰੇਲਵੇ ਸੁਰੱਖਿਆ ਬਲ (ਆਰ.ਪੀ.ਐਫ.) ਦੇ ਨਾਲ ਅਧਿਕਾਰੀਆਂ ਦੀ ਇਕ ਟੀਮ ਮੌਕੇ 'ਤੇ ਪਹੁੰਚੀ ਅਤੇ ਸੀਮੈਂਟ ਦੇ 'ਬਲਾਕ' ਮਿਲੇ।" ਉਨ੍ਹਾਂ ਦਸਿਆ ਕਿ ਇਸ ਘਟਨਾ ਕਾਰਨ ਰੇਲ ਗੱਡੀਆਂ ਦੀ ਆਵਾਜਾਈ 'ਚ ਕੋਈ ਰੁਕਾਵਟ ਨਹੀਂ ਆਈ। ਸਥਾਨਕ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਛਮੀ ਲਾਂਘੇ 'ਚ ਅਜਿਹੀ ਇਹ ਪਹਿਲੀ ਘਟਨਾ ਹੈ। (ਪੀਟੀਆਈ)

ਗੁਜਰਾਤ : ਵਪਾਰੀਆਂ ਨੇ ਗੋਂਦਲ ਏ.ਪੀ.ਐਮ.ਸੀ. ਵਿਖੇ ਨਿਲਾਮੀ ਰੋਕੀ



ਰਾਜਕੋਟ (ਗੁਜਰਾਤ), 10 ਸਤੰਬਰ: ਗੁਜਰਾਤ ਦੇ ਰਾਜਕੋਟ ਜ਼ਿਲ੍ਹੇ ਦੇ ਗੋਂਦਲ ਵਿਖੇ ਸਥਿਤ ਖੇਤੀਬਾੜੀ ਉਤਪਾਦ ਮਾਰਕਿਟਿੰਗ ਕਮੇਟੀ (ਏ.ਪੀ.ਐਮ.ਸੀ.) 'ਚ ਪਾਬੰਦੀਸ਼ੁਦਾ ਚੀਨੀ ਲੱਸਣ ਦੀ ਗੈਰ-ਕਾਨੂੰਨੀ ਸਪਲਾਈ ਦੇ ਵਿਰੋਧ 'ਚ ਵਪਾਰੀਆਂ ਨੇ ਮੰਗਲਵਾਰ ਨੂੰ ਨਿਲਾਮੀ ਰੋਕ ਦਿਤੀ। ਉਨ੍ਹਾਂ ਕਿਹਾ ਕਿ ਗੋਂਦਲ ਏ.ਪੀ.ਐਮ.ਸੀ. 'ਚ ਚੀਨੀ ਲੱਸਣ ਦੀਆਂ ਕਈ ਬੋਰੀਆਂ ਮਿਲਣ ਤੋਂ ਬਾਅਦ ਵਪਾਰੀਆਂ ਨੇ ਇਕ ਦਿਨ ਦਾ ਵਿਰੋਧ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ। ਗੋਂਦਲ ਦੇ ਏ.ਪੀ.ਐਮ.ਸੀ. ਦੇ ਵਪਾਰੀ ਸੰਘ ਦੇ ਪ੍ਰਧਾਨ ਯੋਗੇਸ਼ ਕਿਆਡਾ ਨੇ ਕਿਹਾ, "ਅਸੀਂ ਪਾਬੰਦੀ ਦੇ ਬਾਵਜੂਦ ਚੀਨੀ ਲੱਸਣ ਦੇ ਭਾਰਤ 'ਚ ਆਉਣ ਦੇ ਗੈਰ-ਕਾਨੂੰਨੀ ਤਰੀਕੇ ਦਾ ਵਿਰੋਧ ਕਰ ਰਹੇ ਹਾਂ।" ਲਗਭਗ 500 ਲੱਸਣ ਵਪਾਰੀਆਂ ਨੇ ਨਿਲਾਮੀ ਰੋਕ ਦਿਤੀ। ਕਿਸਾਨ ਨਾਅਰੇਬਾਜ਼ੀ ਕਰਦੇ ਹੋਏ ਅਤੇ ਹੱਥਾਂ 'ਚ ਤਖ਼ਤੀਆਂ ਲੈ ਕੇ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਹੋਏ। ਵਪਾਰੀਆਂ ਮੁਤਾਬਕ ਚੀਨੀ ਲੱਸਣ ਅਪਣੇ ਆਕਾਰ ਅਤੇ ਗੰਧ ਕਾਰਨ ਵੱਖਰਾ ਹੁੰਦਾ ਹੈ ਅਤੇ ਸਥਾਨਕ ਫਸਲ ਨਾਲੋਂ ਸਸਤਾ ਹੁੰਦਾ ਹੈ। ਇਸ ਨਾਲ ਤਸਕਰਾਂ ਅਤੇ ਏਜੰਟਾਂ ਨੂੰ ਫਾਇਦਾ ਹੁੰਦਾ ਹੈ। ਵਪਾਰੀ ਮਨੀਸ਼ ਸਾਵਲਿਆ ਨੇ ਕਿਹਾ ਕਿ ਗੈਰ-ਕਾਨੂੰਨੀ ਤਰੀਕੇ ਨਾਲ ਭਾਰਤ ਭੇਜੇ ਜਾ ਰਹੇ ਚੀਨੀ ਲੱਸਣ ਦੀ ਵੱਡੀ ਮਾਤਰਾ ਦਾ ਅਸਰ ਸਥਾਨਕ ਕਿਸਾਨਾਂ 'ਤੇ ਪਵੇਗਾ। (ਪੀਟੀਆਈ)

ਮਨੀਪੁਰ 'ਚ ਕਾਨੂੰਨ ਦਾ ਰਾਜ ਤਬਾਹ, ਪ੍ਰਧਾਨ ਮੰਤਰੀ ਕੋਲ ਜਾਣ ਦਾ ਸਮਾਂ ਨਹੀਂ : ਕਾਂਗਰਸ



ਨਵੀਂ ਦਿੱਲੀ, 10 ਸਤੰਬਰ: ਮਨੀਪੁਰ 'ਚ ਇੰਟਰਨੈੱਟ ਸੇਵਾਵਾਂ ਬੰਦ ਹੋਣ ਤੋਂ ਬਾਅਦ ਕਾਂਗਰਸ ਨੇ ਮੰਗਲਵਾਰ ਨੂੰ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਦਾਅਵਾ ਕੀਤਾ ਕਿ ਸੂਬੇ 'ਚ ਕਾਨੂੰਨ ਦਾ ਰਾਜ ਢਹਿ-ਢੇਰੀ ਹੋ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਕਿਹਾ ਕਿ ਉਹ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦਾ ਦੌਰਾ ਕਰਦੇ ਹਨ ਪਰ ਉਨ੍ਹਾਂ ਨੂੰ ਮਨੀਪੁਰ ਜਾਣ ਦਾ ਸਮਾਂ ਨਹੀਂ ਮਿਲਿਆ। ਇਹ ਸੋਸ਼ਲ ਮੀਡੀਆ ਪੋਸਟ 'ਚ ਉਨ੍ਹਾਂ ਕਿਹਾ, "ਇੱਥੇ ਪ੍ਰਧਾਨ ਮੰਤਰੀ ਮਨੀਪੁਰ ਦੇ ਲੋਕਾਂ ਨੂੰ ਕਹਿ ਰਹੇ ਹਨ ਕਿ ਉਹ 15 ਮਹੀਨਿਆਂ 'ਚ ਉਹ ਕਰ ਦੇਣਗੇ ਜੋ ਕਾਂਗਰਸ 15 ਸਾਲਾਂ 'ਚ ਨਹੀਂ ਕਰ ਸਕੀ। ਸੱਚਮੁੱਚ! ਮਨੀਪੁਰ ਨੂੰ ਸਮਾਜ ਦੇ ਸਾਰੇ ਵਰਗਾਂ ਤੋਂ ਨਿਰਣਾਇਕ ਫਤਵਾ ਮਿਲਣ ਦੇ 15 ਮਹੀਨਿਆਂ ਦੇ ਅੰਦਰ, ਉਸ ਨੇ ਰਾਜ ਨੂੰ ਅੱਗ 'ਚ ਸੜਨ ਦਿਤਾ। ਇਹ ਅਜੇ ਵੀ ਸੜ ਰਿਹਾ ਹੈ ਅਤੇ ਕੋਈ ਰਾਹਤ ਨਜ਼ਰ ਨਹੀਂ ਆ ਰਹੀ ਹੈ।" (ਪੀਟੀਆਈ)

ਐਨ.ਆਈ.ਏ. ਦੀ ਟੀਮ ਨੇ ਕਾਲਿੰਦੀ ਐਕਸਪ੍ਰੈਸ ਨੂੰ ਪਟੜੀ ਤੋਂ ਉਤਾਰਨ ਦੀ ਜਾਂਚ ਸ਼ੁਰੂ ਕੀਤੀ



ਕਾਨਪੁਰ (ਉੱਤਰ ਪ੍ਰਦੇਸ਼), 10 ਸਤੰਬਰ: ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਉੱਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ 'ਚ ਐਲ.ਪੀ.ਜੀ. ਸਿਲੰਡਰ ਅਤੇ ਹੋਰ ਵਿਸਫੋਟਕ ਸਮੱਗਰੀ ਰੱਖ ਕੇ ਕਾਲਿੰਦੀ ਐਕਸਪ੍ਰੈਸ ਨੂੰ ਪਟੜੀ ਤੋਂ ਉਤਾਰਨ ਦੀ ਕੋਸ਼ਿਸ਼ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਪੁਲਿਸ ਸੂਤਰਾਂ ਨੇ ਦਸਿਆ ਕਿ ਐਨ.ਆਈ.ਏ. ਦੀ ਇਕ ਟੀਮ ਅੱਜ ਦੁਪਹਿਰ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿਤੀ । ਟੀਮ ਦੇ ਨਾਲ ਵਧੀਕ ਪੁਲਿਸ ਡਾਇਰੈਕਟਰ ਜਨਰਲ (ਰੇਲਵੇ) ਵੀ ਸਨ। ਟੀਮ ਹਾਦਸੇ ਵਾਲੀ ਥਾਂ 'ਤੇ ਪਹੁੰਚੀ ਅਤੇ ਰੇਲਵੇ ਟਰੈਕ ਅਤੇ ਇਸ ਦੇ ਆਸ ਪਾਸ ਦੇ ਖੇਤਰ ਦਾ ਸਰਵੇਖਣ ਕੀਤਾ। ਐਨ.ਆਈ.ਏ. ਦੀ ਟੀਮ ਸੋਮਵਾਰ ਰਾਤ ਕਾਨਪੁਰ ਪਹੁੰਚੀ। (ਪੀਟੀਆਈ)

ਵਿਗਿਆਨਕ ਭਾਈਚਾਰੇ ਕੋਲ ਅਪਣੇ ਯਤਨਾਂ ਲਈ ਸਰੋਤਾਂ ਦੀ ਕੋਈ ਕਮੀ ਨਹੀਂ ਹੋਵੇਗੀ : ਪ੍ਰਧਾਨ ਮੰਤਰੀ ਮੋਦੀ

ਨਵੀਂ ਦਿੱਲੀ, 10 ਸਤੰਬਰ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਨਵੇਂ ਗਠਿਤ ਰੀਸਰਚ ਨੈਸ਼ਨਲ ਰੀਸਰਚ ਫਾਊਂਡੇਸ਼ਨ (ਏ.ਐਨ.ਆਰ.ਐਫ.) ਦੀ ਗਵਰਨਿੰਗ ਬਾਡੀ ਦੀ ਪਹਿਲੀ ਬੈਠਕ ਦੀ ਪ੍ਰਧਾਨਗੀ ਕੀਤੀ, ਜਿਸ 'ਚ ਉਨ੍ਹਾਂ ਨੇ ਦੇਸ਼ ਦੇ ਖੋਜ ਵਾਤਾਵਰਣ 'ਚ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿਤਾ। ਉਨ੍ਹਾਂ ਨੇ ਦੇਸ਼ ਦੇ ਵਿਗਿਆਨਕ ਭਾਈਚਾਰੇ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਯਤਨਾਂ ਲਈ ਸਰੋਤਾਂ ਦੀ ਕੋਈ ਕਮੀ ਨਹੀਂ ਆਉਣ ਦਿਤੀ ਜਾਵੇਗੀ। ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਵਲੋਂ ਜਾਰੀ ਇਕ ਬਿਆਨ ਮੁਤਾਬਕ ਬੈਠਕ 'ਚ ਭਾਰਤ ਦੇ ਵਿਗਿਆਨ ਅਤੇ ਤਕਨਾਲੋਜੀ ਦੇ ਦ੍ਰਿਸ਼ ਅਤੇ ਖੋਜ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਮੁੜ ਡਿਜ਼ਾਈਨ ਕਰਨ 'ਤੇ ਚਰਚਾ ਹੋਈ। ਬਿਆਨ ਵਿਚ ਮੋਦੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨੇ ਦੇਸ਼ ਦੇ ਖੋਜ ਵਾਤਾਵਰਣ ਵਿਚ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿਤਾ। ਉਨ੍ਹਾਂ ਨੇ ਵੱਡੇ ਟੀਚੇ ਨਿਰਧਾਰਤ ਕਰਨ, ਉਨ੍ਹਾਂ ਨੂੰ ਪ੍ਰਾਪਤ ਕਰਨ 'ਤੇ ਧਿਆਨ ਕੇਂਦਰਿਤ ਕਰਨ ਅਤੇ ਮਾਰਗ-ਦਰਸ਼ਕ ਖੋਜ ਕਰਨ ਬਾਰੇ ਗੱਲ ਕੀਤੀ ਉਨ੍ਹਾਂ ਕਿਹਾ ਕਿ ਖੋਜ ਨੂੰ ਮੌਜੂਦਾ ਸਮੱਸਿਆਵਾਂ ਦੇ ਨਵੇਂ ਹੱਲ ਲੱਭਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਮੱਸਿਆਵਾਂ ਵਿਸ਼ਵਵਿਆਪੀ ਹੋ ਸਕਦੀਆਂ ਹਨ ਪਰ ਉਨ੍ਹਾਂ ਨੂੰ ਭਾਰਤੀ ਜ਼ਰੂਰਤਾਂ ਅਨੁਸਾਰ ਸਥਾਨਕ ਤੌਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦਫ਼ਤਰ ਅਨੁਸਾਰ, ਪ੍ਰਧਾਨ ਮੰਤਰੀ ਨੇ ਸੰਸਥਾਵਾਂ ਦੇ ਅਪਗ੍ਰੇਡੇਸ਼ਨ ਅਤੇ ਮਿਆਰੀਕਰਨ ਦੀ ਜ਼ਰੂਰਤ 'ਤੇ ਚਰਚਾ ਕੀਤੀ ਅਤੇ ਮੁਹਾਰਤ ਦੇ ਅਧਾਰ 'ਤੇ ਡੋਮੇਨ ਮਾਹਰਾਂ ਦੀ ਸੂਚੀ ਤਿਆਰ ਕਰਨ ਦਾ ਸੁਝਾਅ ਦਿਤਾ। (ਪੀਟੀਆਈ)

ਸਾਈਬਰ ਸੁਰੱਖਿਆ ਤੋਂ ਬਗ਼ੈਰ ਦੇਸ਼ ਦੀ ਤਰੱਕੀ ਸੰਭਵ ਨਹੀਂ : ਅਮਿਤ ਸ਼ਾਹ

ਕਿਹਾ, ਸਾਈਬਰ ਅਪਰਾਧ ਦੀ ਕੋਈ ਹੱਦ ਨਹੀਂ, ਸਾਰੇ ਇਸ ਸਮੱਸਿਆ ਨਾਲ ਨਜਿੱਠਣ

ਨਵੀਂ ਦਿੱਲੀ, 10 ਸਤੰਬਰ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਕਿਹਾ ਕਿ ਸਾਈਬਰ ਸੁਰੱਖਿਆ ਕੌਮੀ ਸੁਰੱਖਿਆ ਦਾ ਅਨਿੱਖੜਵਾਂ ਅੰਗ ਹੈ ਅਤੇ ਸਾਈਬਰ ਸੁਰੱਖਿਆ ਤੋਂ ਬਿਨਾਂ ਦੇਸ਼ ਦੀ ਤਰੱਕੀ ਸੰਭਵ ਨਹੀਂ ਹੈ। ਸ਼ਾਹ ਨੇ ਇਹ ਵੀ ਕਿਹਾ ਕਿ ਸਾਈਬਰ ਅਪਰਾਧ ਦੀ ਕੋਈ ਹੱਦ ਨਹੀਂ ਹੈ ਅਤੇ ਇਸ ਲਈ ਇਹ ਜ਼ਰੂਰੀ ਹੈ ਕਿ ਸਾਰੇ ਹਿੱਸੇਦਾਰ ਇਸ ਸਮੱਸਿਆ ਨਾਲ ਨਜਿੱਠਣ। ਇੱਥੇ ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ (ਆਈ4ਸੀ) ਦੇ ਸਥਾਪਨਾ ਦਿਵਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, "ਸਾਈਬਰ ਸੁਰੱਖਿਆ ਕੌਮੀ ਸੁਰੱਖਿਆ ਦਾ ਅਨਿੱਖੜਵਾਂ ਅੰਗ ਹੈ। ਸਾਨੂੰ ਸਾਈਬਰ ਸੁਰੱਖਿਆ ਨੂੰ ਯਕੀਨੀ ਬਣਾਉਣਾ ਪਵੇਗਾ ਕਿਉਂਕਿ ਸਾਈਬਰ ਸੁਰੱਖਿਆ ਤੋਂ ਬਿਨਾਂ ਦੇਸ਼ ਦੀ ਤਰੱਕੀ ਸੰਭਵ ਨਹੀਂ ਹੈ।" ਗ੍ਰਹਿ ਮੰਤਰੀ ਨੇ ਕਿਹਾ ਕਿ ਸਰਕਾਰ ਭਾਰਤ 'ਚ ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਅਗਲੇ ਪੰਜ ਸਾਲਾਂ 'ਚ 5,000 ਸਾਈਬਰ ਕਮਾਂਡੋਜ਼ ਨੂੰ ਸਿਖਲਾਈ ਦੇਣ ਅਤੇ ਤਿਆਰ ਕਰਨ ਦੀ ਯੋਜਨਾ ਬਣਾ ਰਹੀ ਹੈ। ਸਾਈਬਰ ਸਪੇਸ ਨੂੰ ਸੁਰੱਖਿਅਤ ਬਣਾਉਣ 'ਤੇ ਜ਼ੋਰ ਦਿੰਦੇ ਹੋਏ ਸ਼ਾਹ ਨੇ ਕਿਹਾ ਕਿ ਦੁਨੀਆਂ 'ਚ 46 ਫ਼ੀ ਸਦੀ ਡਿਜੀਟਲ ਲੈਣ-ਦੇਣ ਹੋ ਰਹੇ ਹਨ। ਉਨ੍ਹਾਂ ਨੇ ਦੇਸ਼ 'ਚ ਸਾਈਬਰ ਅਪਰਾਧ ਨਾਲ ਨਜਿੱਠਣ ਲਈ ਚਾਰ ਮੰਚਾਂ ਦਾ ਵੀ ਉਦਘਾਟਨ ਕੀਤਾ। (ਪੀਟੀਆਈ)



pnb Housing Finance Limited — Ghar Ki Baat

ਅਪੈਂਡਿਕਸ IV-A

ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿਸਟਰਡ ਦਫ਼ਤਰ: ਨੌਵੀਂ ਮੰਜ਼ਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com

ਜਲੰਧਰ ਬਰਾਂਚ : ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ ਐਸਸੀਓ 44, ਪਹਿਲੀ ਮੰਜ਼ਿਲ ਪੁੱਡਾ ਕੰਪਲੈਕਸ, ਜਲੰਧਰ-144001, ਪੰਜਾਬ, ਚੰਡੀਗੜ੍ਹ ਬਰਾਂਚ : ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ ਐਸਸੀਓ 323-324, ਪਹਿਲੀ ਮੰਜ਼ਿਲ ਸੈਕਟਰ 35-ਬੀ, ਚੰਡੀਗੜ੍ਹ-160035

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰ(ਾਂ) ਅਤੇ ਗਰੰਟਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ/ਸਕਿਓਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੋਧੇ ਗਏ ਹਨ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ/ਸਕਿਓਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ., ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A)	ਮੰਗੀ ਗਈ ਰਕਮ ਅਤੇ ਮਿਤੀ (B)	ਕਬਜ਼ੇ ਦੀ ਕਿਸਮ (C)	ਗਿਰਵੀ ਜਾਇਦਾਦਾਂ ਦਾ ਵੇਰਵਾ (D)	ਰਾਖਵੀਂ ਕੀਮਤ (ਆਰ.ਪੀ.) (E)	ਈਐਮਡੀ (ਰਾਖਵੀਂ ਕੀਮਤ ਦਾ 10%) (F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ (J)	ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K)
HOU/CHD/0419/685249, ਬਰਾਂਚ ਦਫ਼ਤਰ : ਚੰਡੀਗੜ੍ਹ ਸੰਤੋਸ਼ ਜਗਤਾਪ, ਸੰਦੀਪ ਮਹਿਰਾ (ਗਰੰਟਰ)	Rs.13,30,117.27 as on 15-07-2022	ਭੌਤਿਕ ਕਬਜ਼ਾ	ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ-ਫਲੈਟ ਨੰ. 6, ਪਹਿਲੀ ਮੰਜ਼ਿਲ, ਮਾ ਸ਼ਿਮਲਾ ਕੰਪਲੈਕਸ, ਸੈਕਟਰ 127, ਖਰੜ, ਮੋਹਾਲੀ, ਪੰਜਾਬ-140301, ਜੋ ਸ਼ਾਮਲ ਹੈ ਵਿਚ ਜ਼ਮੀਨ 0 ਕਨਾਲ 0.58 ਮਰਲਾ (17.77 ਵ.ਗਜ਼) ਖੇਵਟ ਨੰ. 2127, ਖਤੌਨੀ ਨੰ. 2190 ਅਤੇ ਖਸਰਾ ਨੰ. 681/2/2(1-0), 681/2/1(1-1), 681/1/1/2(2-19), 681/1/1(2-13) ਕਿੱਤੇ 4, 881/229500 ਹਿੱਸਾ ਰਕਬਾ 7 ਕਨਾਲ 13 ਮਰਲੇ ਦਾ ਬਕਦਰ 0 ਕਨਾਲ 0.58 ਮਰਲਾ, ਵਾਕਿਆ ਰਕਬਾ ਖਾਰਾ, ਹੱਦਬਸਤ ਨੰ. 184, ਦਸਤਾਵੇਜ ਨੰ. 2019-20/15/1/4085 ਮਿਤੀ 27.06.2019 ਨੂੰ	ਰੁ: 1150000	ਰੁ: 115000	25-09-2024	ਰੁ: 10000	16.09.2024 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ ਤੱਕ	26.09.2024 ਨੂੰ ਬਾ.ਦੁ. 12.30 ਵਜੇ ਤੋਂ ਬਾ.ਦੁ. 2.30 ਵਜੇ	ਪਤਾ ਨਹੀਂ
NHL/JAL/0421/881577, ਬਰਾਂਚ ਦਫ਼ਤਰ : ਜਲੰਧਰ ਨੇਹਾ, ਸ੍ਰੀ ਗੋਬਿੰਦ ਰਾਮ ਅਤੇ ਸ੍ਰੀਮਤੀ ਮੂਰਤੀ ਦੇਵੀ	Rs.9,96,814.91 as on 17-08-2022	ਭੌਤਿਕ ਕਬਜ਼ਾ	ਦੁਕਾਨ ਰਕਬਾ 1 ਮਰਲਾ, ਮਰਲਾ 207 ਵ. ਫੁਟ, ਨਿਊ ਵਿਜੇ ਨਗਰ, ਚੱਕ ਹੁਸੈਨਾਂ, ਹੁਸ਼ਿਆਰਪੁਰ ਰੋਡ, ਨੇੜੇ ਇੰਟਰਨੈਸ਼ਨਲ ਸਕੂਲ, ਲੰਬਾ ਪਿੰਡ, ਜਲੰਧਰ ਪੰਜਾਬ 144001, ਜਿਸਦਾ ਹਦਬਸਤ ਨੰ 214, ਖਾਤਾ ਖਤੌਨੀ ਨੰ 1440/1725, 1687/1998 ਖਸਰਾ ਨੰ 422/1, 419/1 ਜਮਾਂਬੰਦੀ ਸਾਲ 2010-2011, ਦਸਤਾਵੇਜ ਨੰ 2021-22/186/1/2658 ਮਿਤੀ 15 ਜੂਨ 2021 ਸ੍ਰੀਮਤੀ ਨੇਹਾ ਦੇ ਪੱਖ ਵਿਚ। ਹੱਦਾਂ : ਪੂਰਬ : ਦੁਕਾਨ ਸੁਭਾਸ਼ ਚੰਦ/23', ਪੱਛਮ :ਕੁਲਦੀਪ ਸਿੰਘ ਦੀ ਦੁਕਾਨ ਦਾ ਬਾਕੀ ਹਿੱਸਾ/23', ਉੱਤਰ : ਐਡਵੋਕੇਟ ਪਰਤਾਪ ਸਿੰਘ ਦਾ ਮਕਾਨ/9', ਦੱਖਣ : ਰੋਡ 30'/9"	ਰੁ: 875000	ਰੁ: 87500	25-09-2024	ਰੁ: 10000	16.09.2024 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ ਤੱਕ	26.09.2024 ਨੂੰ ਬਾ.ਦੁ. 12.30 ਵਜੇ ਤੋਂ ਬਾ.ਦੁ. 2.30 ਵਜੇ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਓਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ।

1. ਉਪਰੋਕਤ ਅਚੱਲ ਜਾਇਦਾਦਾਂ/ਸਕਿਓਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ।
2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ।
3. ਕਿਰਪਾ ਕਰਕੇ ਨੋਟ ਕਰੋ ਕਿ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੈਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿਛੋਂ ਸਕਿਓਰਡ ਕ੍ਰੈਡੀਟਰ ਵਲੋਂ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਓਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ।
4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਤਰਸੇਮ ਕੁਮਾਰ, ਅਸ਼ੀਸ਼ ਕੁਮਾਰ ਸ਼ਰਮਾ ਨਾਲ 18001208800, ਅਧਿਕਾਰਤ ਅਫ਼ਸਰ ਪੀਐਨਬੀਐਚਐਫਐਲ ਨਾਲ ਸੰਪਰਕ ਕਰੋ ਜਾਂ www.pnbhousing.com ਨਾਲ ਤਾਲਮੇਲ ਕਰੋ।

ਸਥਾਨ : ਪੰਜਾਬ, ਮਿਤੀ : 11.09.2024 — ਅਧਿਕਾਰਤ ਅਫ਼ਸਰ, ਮੈਸ. ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ